ਪੰਜਾਬ ਰਾਜ ਬਿਜਲੀ ਬੋਰਡ
ਦਫਤਰ: ਇੰਜੀਨੀਅਰ-ਇੰਨ-ਚੀਫ/ਵਣਜ਼,ਪਟਿਆਲਾ
(ਵਿਕਰੀ ਭਾਗ)

ਵਣਜ਼ ਗਸ਼ਤੀ ਪੱਤਰ ਨੰਬਰ 18/09

Memo No-34114/34914 Dated-25-6-09

Subject: - ਖੇਤੀਬਾੜੀ ਟਿਊਬਵੈਲ ਖਪਤਕਾਰਾਂ ਵਲੋਂ ਕੀਤੇ ਅਣ-ਅਧਿਕਾਰਿਤ ਲੋਡ ਵਿਚ ਵਾਧੇ ਨੂੰ ਨਿਯਮਿਤ ਕਰਨ ਲਈ ਸਵੈ-ਇਛਤ ਸਕੀਮ (ਵੀ.ਡੀ.ਐਸ) ।

ਪੰਜਾਬ ਪ੍ਰਾਂਤ ਵਿਚ ਪਾਣੀ ਦਾ ਲੈਵਲ ਹੇਠਾਂ ਜਾਣ ਕਾਰਨ ਬਹੁਤ ਸਾਰੇ ਖੇਤੀਬਾੜੀ ਟਿਊਬਵੈਲ ਖਪਤਕਾਰ ਵਾਧੂ ਕਪੈਸਟੀ ਦੀਆਂ ਮੋਟਰਾਂ ਲਾ ਰਹੇ ਹਨ ਜਿਸ ਨਾਲ ਸਿਸਟਮ ਉਤੇ ਜ਼ਿਆਦਾ ਲੋਡ ਪੈਂਦਾ ਹੈ ਜਿਸ ਕਰਕੇ ਲੋਸਿਜ਼ ਵਿਚ ਵਾਧਾ ਅਤੇ ਪੈਡੀ ਸੀਜ਼ਨ ਦੌਰਾਨ ਓਵਰ-ਲੋਡ /ਬਰੇਕ ਡਾਊਨ ਵਿਚ ਵਾਧਾ ਹੁੰਦਾ ਹੈ । ਸਿਸਟਮ ਦੀ ਕਾਰਜਕੁਸ਼ਲਤਾ ਵਿਚ ਸੁਧਾਰ ਲਿਆਉਣ ਲਈ ਅਤੇ ਛੁਪੇ ਹੋਏ ਲੋਡ ਨੂੰ ਰਿਕਾਰਡ ਉਤੇ ਲਿਆਉਣ ਲਈ ਖੇਤੀਬਾੜੀ ਖਪਤਕਾਰਾਂ ਦੇ ਅਣ-ਅਧਿਕਾਰਿਤ ਲੋਡ ਨੂੰ (ਵੀ.ਡੀ.ਐਸ) ਸਕੀਮ ਦੁਆਰਾ ਨਿਯਮਿਤ ਕਰਨਾ ਬੋਰਡ ਦੇ ਹਿਤ ਵਿਚ ਹੋਵੇਗਾ। ਮਾਮਲਾ ਵਿਚਾਰਿਆ ਗਿਆ ਹੈ ਅਤੇ ਖੇਤੀਬਾੜੀ ਟਿਊਬਵੈਲ ਕੁਨੈਕਸ਼ਨਾਂ ਦੇ ਅਣ-ਅਧਿਕਾਰਿਤ ਲੋਡ ਵਾਧੇ ਨੂੰ ਨਿਯਮਿਤ ਕਰਨ ਲਈ ਸਵੈ-ਇਛਤ ਸਕੀਮ (ਵੀ.ਡੀ.ਐਸ) ਲਾਗੂ ਕਰਨ ਫੈਂਸਲਾ ਹੇਠ ਲਿਖੀਆਂ ਸ਼ਰਤਾਂ ਤੇ ਬਾਨ੍ਹਾ ਤਹਿਤ ਕੀਤਾ ਗਿਆ :

1. ਸਵੈ-ਇਛਤ ਸਕੀਮ (ਵੀ.ਡੀ.ਐਸ) ਅਧੀਨ ਘੋਸ਼ਿਤ ਕੀਤੇ ਵਾਧੂ/ਅਣ-ਅਧਿਕਾਰਤਿ ਲੋਡ ਨੂੰ ਨਿਯਮਿਤ ਕਰਨ ਦੇ ਖਰਚੇ ਵਜੋਂ 3600/- ਰੁਪਏ ਪ੍ਰਤੀ ਬੀ.ਐਚ.ਪੀ ਸਰਵਿਸ ਕੁਨੈਕਸ਼ਨ ਚਾਰਜਿਜ ਅਤੇ 200/- ਰੁਪਏ ਪ੍ਰਤੀ ਬੀ.ਐਚ.ਪੀ ਮੁੱਢਲ ਸਕਿਊਰਟੀ ਵਜੋਂ ਬਿਨਾਂ ਕਿਸੇ ਲੋਡ ਸਰਚਾਰਜ ਦੇ ਚਾਰਜ ਕੀਤੇ ਜਾਣਗੇ ।

2. ਇਹ ਸਕੀਮ ਹੁਣੇ ਤੋਂ ਚਾਲੂ ਹੋਵੇਗੀ ਅਤੇ ਮਿਤੀ 31.7.2009 ਤੱਕ ਲਾਗੂ ਰਹੇਗੀ ।

3. ਪਹਿਲਾਂ ਹੀ ਵੱਖਰੇ 6.3/10/16 ਕੇ.ਵੀ.ਏ ਟ੍ਰਾਂਸਫਾਰਮਰ ਤੇ ਐਚ.ਵੀ.ਡੀ.ਐਸ ਸਿਸਟਮ ਤੇ ਚਲ ਰਹੇ ਖੇਤੀਬਾੜੀ ਖਪਤਕਾਰ ਆਪਣੇ ਲੋਡ ਵਿਚ ਵਾਧੇ ਸਬੰਧੀ ਰੁਪਏ 3600/- ਰੁ. ਪ੍ਰਤੀ ਬੀ.ਐਚ.ਪੀ ਸਰਵਿਸ ਕੁਨੈਕਸ਼ਨ ਚਾਰਜਿਜ ਅਤੇ 200/- ਰੁਪਏ ਪ੍ਰਤੀ ਬੀ.ਐਚ.ਪੀ ਮੁੱਢਲ ਸਕਿਊਰਟੀ ਵਜੋਂ ਜਮਾਂ ਕਰਵਾ ਕੇ ਪਹਿਲਾਂ ਸੂਚਨਾ ਦੇਣਗੇ ਤਾਂ ਜ਼ੋ ਵਧੇ ਹੋਏ ਲੋਡ ਦੇ ਹਿਸਾਬ ਨਾਲ ਉਨ੍ਹਾਂ ਦੇ ਟ੍ਰਾਂਸਫਾਰਮਰ ਦੀ ਕਪੈਸਟੀ ਨੂੰ ਵਧਾਉਣ ਲਈ ਕਦਮ ਚੁੱਕੇ ਜਾ ਸਕਣ । ਉਹ ਖੇਤੀਬਾੜੀ ਖਪਤਕਾਰ ਜ਼ ਨੇ ਆਪਣੇ ਟਿਊਬਵੈਲ ਕੁਨੈਕਸ਼ਨ ਓ.ਵਾਈ.ਟੀ / ਓ.ਵਾਈ.ਟੀ ਪੈਟਰਨ ਤਹਿਤ ਰੀਲਿਜ ਕਰਵਾਏ ਹਨ ਲੋਡ ਵਿਚ ਵਾਧੇ ਲਈ ਵਧੇ ਟ੍ਰਾਂਸਫਾਰਮਰ ਦੀ ਵਾਧੂ ਕੀਮਤ ਦੇ ਖਰਚੇ ਸਮੇਤ 200/- ਰੁਪਏ ਪ੍ਰਤੀ ਬੀ.ਐਚ.ਪੀ ਮੁੱਢਲੀ ਸਕਿਊਰਟੀ ਵਜੋਂ ਜਮਾਂ ਕਰਵਾਉਣਗੇ।

4. ਡਿਸਟ੍ਰੀਬਿਊਸ਼ਨ ਟ੍ਰਾਂਸਫਾਰਮਰ ਅਤੇ ਲਾਈਨ ਦੀ ਕਪੈਸਟੀ ਵਿਚ ਲੋੜੀਂਦਾ ਵਾਧਾ ਚੰਗੀ ਤਰ੍ਹਾਂ ਵਿਚਾਰਨ ਤੋਂ ਬਾਅਦ ਅਤੇ ਸਬੰਧਿਤ ਵਧੀਕ ਨਿਗਰਾਨ

ਇੰਜ./ਸੀ.ਕਾ.ਕਾ.ਇੰਜੀਨੀਅਰ ਦੀ ਪੜਤਾਲ ਤੋਂ ਬਾਅਦ ,ਜਿਥੇ ਕਿਤੇ ਵੀ ਲੋੜੀਂਦਾ ਹੋਵੇ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਆਪਣੇ ਖਰਚੇ ਤੇ ਕੀਤਾ ਜਾਵੇਗਾ । ਐਲ.ਟੀ.ਸਿਸਟਮ ਤੇ ਚੱਲ ਰਹੇ ਖੇਤੀਬਾੜੀ ਖਪਤਕਾਰਾਂ ਦੇ ਲੋਡ ਵਿਚ ਵਾਧੇ ਨੂੰ ਨਿਯਮਿਤ ਕਰਨ ਲਈ ਟ੍ਰਾਂਸਫਾਰਮਰ ਦੀ ਲੋਡਿੰਗ 100 ਪ੍ਰਤੀਸ਼ਤ ਵਜੋਂ ਲਈ ਜਾਵੇਗੀ ਅਤੇ ਟ੍ਰਾਂਸਫਾਰਮਰ ਦੀ ਕਪੈਸਟੀ ਵਿਚ ਵਾਧਾ ਬੋਰਡ ਦੇ ਖਰਚੇ ਤੇ ਉਪ ਮੁੱਖ ਇੰਜੀਨੀਅਰ /ਨਿਗਰਾਨ ਇੰਜੀਨੀਅਰ/ਵੰਡ ਦੀ ਪ੍ਰਵਾਨਗੀ ਨਾਲ ਕੀਤਾ ਜਾਵੇਗਾ ।

5. ਖੇਤੀਬਾੜੀ ਟਿਊਬਵੈਲ ਖਪਤਕਾਰਾਂ ਦੇ ਐਲ.ਟੀ. ਸਿਸਟਮ ਤੇ ਚੱਲ ਰਹੇ ਅਣ-ਅਧਿਕਾਰਤਿ ਲੋਡ ਵਿਚ ਵਾਧਾ ਪਕੜੇ ਜਾਣ ਤੇ ਜਾਂ ਖਪਤਕਾਰ ਦੁਆਰਾ ਆਪਣੇ ਤੌਰ ਤੇ ਘੋਸ਼ਿਤ ਕਰਨ ਤੇ ਤੁਰੰਤ ਨਿਯਮਿਤ ਸਮਝਿਆ ਜਾਵੇਗਾ ।ਅੱਗੇ ਇਹ ਜ਼ੋਰ ਦਿੱਤਾ ਜਾਂਦਾ ਹੈ ਕਿ ਵਾਧੂ ਲੋਡ ਨੂੰ ਨਿਯਮਿਤ ਕਰਵਾਉਣ ਲਈ ਜਿਹੜੇ ਕਿਸਾਨ ਉਪ ਮੰਡਲ ਦਫਤਰਾਂ ਵਿਚ ਪਹੁੰਚਦੇ ਹਨ ਉਨ੍ਹਾਂ ਨੂੰ ਚੰਗੀ ਤਰ੍ਹਾਂ ਅਤੇ ਤੁਰੰਤ ਅਟੈਂਡ ਕੀਤਾ ਜਾਵੇ । ਉਨ੍ਹਾਂ ਦੀ ਵਾਧੂ ਲੋਡ ਘੋਸ਼ਿਤ ਕਰਨ ਦੀ ਅਰਜੀ ਸਵਿਕਾਰ ਕੀਤੀ ਜਾਵੇ ਅਤੇ ਵਾਧੂ ਲੋਡ ਦਾ ਉਨ੍ਹਾਂ ਦੀ ਪਾਸਬੁੱਕ ਤੇ ਲੈਜ਼ਰ ਵਿਚ ਇੰਦਰਾਜ ਕੀਤਾ ਜਾਵੇ ਅਤੇ ਵਸੂਲੇ ਗਏ ਚਾਰਜਿਜ ਦੀ ਬੀ.ਏ-16 ਰਸੀਦ ਜਾਰੀ ਕੀਤੀ ਜਾਵੇ ।ਖਪਤਕਾਰ ਕੁਲ ਲੋਡ ਅਨੁਸਾਰ ਲੋੜੀਂਦੇ ਕਪੈਸਟੀ ਦੇ ਸੰਟ ਕਪੈਸਟਰ ਲਗਾਏਗਾ ਅਤੇ ਟੈਸਟ ਰਿਪੋਰਟ ਦਾ ਉਪ ਮੰਡਲ ਅਫਸਰ ਦੁਆਰਾ ਏਰੀਆਂ ਦੇ ਜੇ.ਈ ਇੰਚਾਰਜ ਰਾਹੀਂ ਇੰਤਜਾਮ ਕੀਤਾ ਜਾਵੇਗਾ ਜਿਹੜਾ ਕਿ ਮੋਟਰ ਦਾ ਲੋਡ ਅਤੇ ਸਥਾਪਿਤ ਕੀਤੇ ਗਏ ਸੰਟ ਕਪੈਸਟਰ ਦੀ ਕੇ.ਵੀ.ਏ. ਆਰ ਵਿਚ ਕਪੈਸਟੀ ਦਰਸਾਏਗਾ ।ਨਵੇਂ ਫਾਰਮਾਂ ਦੀ ਜ਼ਰੂਰਤ ਖਤਮ ਕਰ ਦਿੱਤੀ ਗਈ ਹੈ ,ਵਾਧੂ ਲੋਡ ਨਿਯਮਿਤ ਕਰਨ ਲਈ ਵਧੇ ਹੋਏ ਲੋਡ ਦੇ ਬਣਦੇ ਚਾਰਜਿਜ਼ ਜਮਾਂ ਕਰਵਾਉਣ ਤੇ ਨਿਯਮਿਤ ਕੀਤਾ ਜਾਵੇਗਾ ਅਤੇ ਇਸ ਦਾ ਪਾਸਬੁੱਕ ਵਿਚ ਯੋਗ ਇੰਦਰਾਜ ਕੀਤਾ ਜਾਵੇਗਾ ।

6. ਖੇਤੀਬਾੜੀ ਖਪਤਕਾਰਾਂ ਦੇ ਐਲ.ਟੀ. ਸਿਸਟਮ ਤੇ ਚੱਲ ਰਹੇ ਅਣ-ਅਧਿਕਾਰਤਿ ਲੋਡ ਦੇ ਵਾਧੇ ਨੂੰ ਟ੍ਰਾਂਸਫਾਰਮਰਾਂ ਦੀ ਓਵਰ-ਲੋਡਿੰਗ ਕਰਕੇ ਨਹੀ ਰੋਕਿਆ ਜਾਵੇਗਾ ।

ਫੀਲਡ ਅਫਸਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸਕੀਮ ਨੂੰ ਵੱਡੇ ਪੱਧਰ ਤੇ ਪ੍ਰਚਾਰਨ ਅਤੇ ਵੱਡੀ ਕਪੈਸਟੀ ਦੀਆਂ ਮੋਟਰਾਂ ਨੂੰ ਉਸੇ ਹੀ ਸਮੇਂ ਨਿਯਮਿਤ ਕਰਨ ਲਈ ਸਵੈ-ਇੱਛਤ ਸਕੀਮ ਦੇ ਸਮੇਂ ਵਿਚ ਪੇਂਡੂ ਏਰੀਏ ਵਿਚ ਖਪਤਕਾਰਾਂ ਦੇ ਵੱਡੇ ਪੱਧਰ ਤੇ ਇੱਕਠ ਕਰਨ ।

ਸਹੀ/-

ਨਿਰਦੇਸ਼ਕ/ਵਿਕਰੀ-1,
ਵਾ: ਮੁੱਖ ਇੰਜ./ਵਣਜ,
ਪੰ:ਰਾ:ਬਿ:ਬੋ;ਪਟਿਆਲਾ।